ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106, 2621104,2631104,ਫੈਕਸ:0172-2624687 ਈ-ਮੇਲ: ssapunjab123@gmail.com

ਵੱਲ: ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ),
ਪੰਜਾਬ।

ਮੀਮੋ ਨੰ: 9/5-2010/SSA/FTB/ 34481

ਮਿਤੀ,ਚੰਡੀਗੜ੍ਹ: 28 ਅਪ੍ਰੈਲ,2010

**ਵਿਸ਼ਾ: ਵਿੱਦਿਅਕ ਸਾਲ 2010-11 ਦੌਰਾਨ ਕਿਤਾਬਾਂ ਦੀ ਸਪਲਾਈ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਕੋਆਰਡੀਨੇਟਰਜ਼ ਦੀ ਮੀਟਿੰਗ ਸੱਦਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰੋ ਜੀ।

**2.0** ਆਪ ਜੀ ਨੂੰ ਪਤਾ ਹੀ ਹੈ ਕਿ ਰਾਜ ਸਰਕਾਰ ਦੇ ਫ਼ੈਸਲੇ ਅਨੁਸਾਰ ਵਿੱਦਿਅਕ ਸਾਲ 2010-11 ਦੌਰਾਨ ਕਿਤਾਬਾਂ ਦੀ ਸਪਲਾਈ ਦਾ ਕੰਮ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੌਂਪਿਆ ਗਿਆ ਸੀ।

**3.0** ਰਾਜ ਦੇ ਸਕੂਲਾਂ ਵਿੱਚੋਂ ਲਗਾਤਾਰ ਕਿਤਾਬਾਂ ਨਾ ਮਿਲਣ ਬਾਰੇ ਇਸ ਦਫ਼ਤਰ ਨੂੰ ਸੂਚਨਾਵਾਂ ਪ੍ਰਾਪਤ ਹੋ ਰਹੀਆਂ ਹਨ।

**4.0** ਕਿਤਾਬਾਂ ਦੀ ਵੰਡ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ.ਬੁਕਸ) ਅਤੇ ਪ੍ਰਾਜੈਕਟ ਕੋਆਰਡੀਨੇਟਰਜ਼ (ਆਈ ਸੀ ਟੀ) ਦੀ ਮੀਟਿੰਗ ਮਿਤੀ 04-05-2010 ਨੂੰ 11 ਵਜੇ ਮੁੱਖ ਦਫ਼ਤਰ ਦੇ ਕਾਨਫ਼ਰੰਸ ਹਾਲ ਕੀਤੀ ਜਾਣੀ ਹੈ।

**5.0** ਮੀਟਿੰਗ ਵਿੱਚ ਕਿਤਾਬਾਂ ਦੀ ਵੰਡ ਸਬੰਧੀ ਸਾਰੀ ਸੂਚਨਾ (ਹਾਰਡ ਅਤੇ ਸਾਫ਼ਟ ਕਾਪੀ) ਪਹਿਲਾਂ ਦਿੱਤੇ ਗਏ ਪ੍ਰੋਫ਼ਾਰਮੇ ਵਿੱਚ ਭਰ ਕੇ ਲਿਆਂਦੀ ਜਾਵੇਗੀ।

6.0 ਮੀਟਿੰਗ ਵਿੱਚ ਸਬੰਧਤ ਦੀ ਹਾਜਰੀ ਅਤੇ ਸਮੁੱਚੀ ਸੂਚਨਾ ਲਿਆਉਣੀ ਯਕੀਨੀ ਬਣਾਈ ਜਾਵੇ ਜੀ।

**ਡੀ.ਜੀ.ਐੱਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ।**

ਪਿਠ ਅੰਕਣ ਨੰ:-ਉਕਤ- ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਉਤਾਰਾ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਸੈਸਿ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕੰਪਿਊਟਰ ਵਿਸ਼ੇ ਦੀਆਂ ਕਿਤਾਬਾਂ ਦੀ ਸੂਚਨਾ ਪ੍ਰਾਜੈਕਟ ਕੋਆਰਡੀਨੇਟਰਜ਼ (ਆਈ ਸੀ ਟੀ) ਰਾਹੀ ਭੇਜਣਾ ਯਕੀਨੀ ਬਣਾਉਣ ਜੀ।

**ਡੀ.ਜੀ.ਐੱਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ।**